## ਮੇਰੀ ਸਿੱਖਣ ਦੀ ਵਾਰੀ

ਸੰਨ 1997 ਵਿੱਚ ਬੀ ਸੀ ਫੈਮਲੀ ਹੀਅਰਿੰਗ ਰੀਸੋਰਸ ਸੈਂਟਰ ਨੇ *ਮਾਈ ਟਰਨ ਟੂ ਲਰਨ: ਏ ਕਮਿਊਨੀਕੇਸ਼ਨ ਗਾਈਡ ਫਾਰ ਪੇਰੈਂਟਸ ਆਫ ਡੈੱਫ ਐਂਡ ਹਾਰਡ ਆਫ ਹੀਅਰਿੰਗ ਚਿਲਡਰਨ (ਮੇਰੀ ਸਿੱਖਣ ਦੀ ਵਾਰੀ: ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਦੇ ਮਾਪਿਆਂ ਲਈ ਬੋਲਚਾਲ ਗਾਈਡ)* ਪ੍ਰਕਾਸ਼ਿਤ ਕੀਤੀ ਸੀ। ਬੋਲੇ ਅਤੇ ਉੱਚਾ ਸੁਣਨ ਵਾਲੇ ਛੋਟੇ ਬੱਚਿਆਂ ਦੀਆਂ ਜ਼ਿੰਦਗੀਆਂ ਵਿੱਚ ਸ਼ਾਮਲ ਮਾਪਿਆਂ, ਅਧਿਆਪਕਾਂ ਅਤੇ ਦੂਸਰੇ ਪ੍ਰੋਫੈਸ਼ਨਲ ਲੋਕਾਂ ਵਲੋਂ ਇਹ ਵੱਡਮੁੱਲਾ ਸ੍ਰੋਤ ਕੈਨੇਡਾ ਅਤੇ ਅਮਰੀਕਾ ਭਰ ਵਿੱਚ ਵਰਤਿਆ ਜਾ ਰਿਹਾ ਹੈ।




## ਸਟਾਫ

ਸਟਾਫ ਵਿੱਚ ਸਪੀਚ ਲੈਂਗੁਏਜ ਪੈਥੋਲੋਜੀ ਅਤੇ ਆਡਿਓਲੋਜੀ, ਬੋਲਿਆਂ ਅਤੇ ਉੱਚਾ ਸੁਣਨ ਵਾਲਿਆਂ ਬਾਰੇ ਵਿਦਿਆ ਅਤੇ ਅਰਲੀ ਚਾਇਲਡਹੁੱਡ ਐਜੂਕੇਸ਼ਨ ਵਿੱਚ ਉੱਚੀਆਂ ਡਿਗਰੀਆਂ ਪ੍ਰਾਪਤ ਸਪੈਸ਼ਲਿਸਟ ਮੌਜੂਦ ਹਨ। ਸਟਾਫ ਨੇ ਕੋਚਲੀਅਰ ਇੰਪਲਾਂਟ ਰੀਹੈਬਲੀਟੇਸ਼ਨ ਵਿੱਚ ਉੱਚੀ ਸਿਖਲਾਈ ਲਈ ਹੋਈ ਹੈ।



ਗੱਲਬਾਤ ਕਰਨੀ ਸਿੱਖ ਰਹੇ ਬੱਚੇ ਮਨਪ੍ਰਚਾਵਾ ਵੀ ਕਰਦੇ ਹਨ।

## ਹੱਕਦਾਰ ਕੌਣ ਹੈ?

ਬੀ ਸੀ ਫੈਮਲੀ ਹੀਅਰਿੰਗ ਰੀਸੋਰਸ ਸੈਂਟਰ ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਲਈ ਸਰਬਪੱਖੀ ਅਤੇ ਪਰਿਵਾਰ ਉੱਤੇ ਕੇਂਦਰਿਤ ਪ੍ਰੋਗਰਾਮ ਚਲਾਉਂਦੇ ਹਨ।

ਉਮਰ: ਨਵਜੰਮੇ ਬੱਚਿਆਂ ਤੋਂ ਲੈ ਕੇ ਸਕੂਲ ਦਾਖਲ ਹੋਣ ਦੀ ਉਮਰ ਤੱਕ ਦੇ ਬੱਚੇ।

ਸੁਣਨਸ਼ਕਤੀ ਦਾ ਨੁਕਸਾਨ: ਹਲਕੇ ਤੋਂ ਗੰਭੀਰ

ਇਲਾਕਾ: ਬੀ ਸੀ ਦੇ ਸੂਬੇ ਵਿੱਚ ਰਹਿ ਰਹੇ ਪਰਿਵਾਰ।



ਸਰੀ, ਬੀ ਸੀ ਵਿੱਚ ਸੈਂਟਰ ਦੀ ਨਵੀਂ ਥਾਂ

### ਬੀ ਸੀ ਫੈਮਲੀ ਹੀਅਰਿੰਗ ਰੀਸੋਰਸ ਸੈਂਟਰ

BC FAMILY HEARING RESOURCE CENTRE

*ਸਾਰੇ ਬ੍ਰਿਟਿਸ਼ ਕੋਲੰਬੀਆ ਵਿੱਚ ਪਰਿਵਾਰਾਂ ਨਾਲ ਕੰਮ ਕਰ ਰਿਹਾ*


15220 – 92nd Avenue

Surrey, British Columbia V3R 2T8

604-584-2827 (ਫੋਨ)

604-584-9108 (ਬੋਲਿਆਂ ਅਤੇ ਉੱਚਾ ਸੁਣਨ ਵਾਲਿਆਂ ਲਈ)

604-584-2800 (ਫੈਕਸ)

ਈ-ਮੇਲ: info@bcfamilyhearing.com

ਵੈੱਬਸਾਈਟ: www.bcfamilyhearing.com


ਬੀ ਸੀ ਫੈਮਲੀ ਹੀਅਰਿੰਗ ਰੀਸੋਰਸ ਸੈਂਟਰ ਇਕ ਰਜਿਸਟਰ ਹੋਈ ਚੈਰਟੀ ਹੈ। ਸਾਨੂੰ ਸਰਕਾਰ, ਦਾਨ, ਵਿਰਾਸਤੀ ਮਾਇਕ ਸਹਾਇਤਾ (ਲੈਗੇਸੀਜ਼) ਅਤੇ ਮੈਂਬਰਸ਼ਿੱਪ ਫੀਸਾਂ ਤੋਂ ਪੈਸੇ ਮਿਲਦੇ ਹਨ।

ਚੈਰੀਟੇਬਲ ਰਜਿਸਟਰੇਸ਼ਨ ਨੰਬਰ: 13300-0182-RR0001

Brightfutures for Children

ਬੱਚਿਆਂ ਲਈ ਸੁਨਹਿਰਾ ਭਵਿੱਖ

# ਬੀ ਸੀ ਫੈਮਲੀ ਹੀਅਰਿੰਗ ਰੀਸੋਰਸ ਸੈਂਟਰ

BC FAMILY HEARING RESOURCE CENTRE

**ਸਾਰੇ ਬ੍ਰਿਟਿਸ਼ ਕੋਲੰਬੀਆ ਵਿੱਚ ਪਰਿਵਾਰਾਂ ਨਾਲ ਕੰਮ ਕਰ ਰਿਹਾ**



## ਅਸੀਂ ਕੌਣ ਹਾਂ

ਬੀ ਸੀ ਫੈਮਲੀ ਹੀਅਰਿੰਗ ਰੀਸੋਰਸ ਸੈਂਟਰ ਇਕ ਸੂਬਾਈ ਪ੍ਰੋਗਰਾਮ ਹੈ ਜਿਹੜਾ ਪੂਰੇ ਬੀ ਸੀ ਵਿੱਚ ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਸਰਬਪੱਖੀ ਸੇਵਾਵਾਂ ਪ੍ਰਦਾਨ ਕਰਦਾ ਹੈ। ਅਸੀਂ ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਨਾਲ ਕੰਮ ਕਰਦੇ ਦੂਸਰੇ ਪ੍ਰੋਫੈਸ਼ਨਲ ਲੋਕਾਂ ਨੂੰ ਸਲਾਹ ਮਸ਼ਵਰਾ ਅਤੇ ਸਿਖਲਾਈ ਵੀ ਦਿੰਦੇ ਹਾਂ।

### ਇਕ ਮਾਪੇ ਅਨੁਸਾਰ...

*ਸਾਨੂੰ ਸੈਂਟਰ ਵਲੋਂ ਮਿਲਿਆ ਸਭ ਤੋਂ ਵੱਡਾ ਫਾਇਦਾ ਉਹ ਜਾਣਕਾਰੀ ਅਤੇ ਸਹਾਇਤਾ ਸੀ ਜਿਸ ਦੀ ਸਾਨੂੰ ਆਪਣੀ ਬੇਟੀ ਦੀ ਮਦਦ ਕਰਨ ਲਈ ਲੋੜ ਸੀ।*

## ਬੋਲਚਾਲ (ਕਮਿਊਨੀਕੇਸ਼ਨ) ਪਹੁੰਚ

ਅਸੀਂ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਵਿਚਕਾਰ ਅਗੇਤੀ ਅਤੇ ਕਾਮਯਾਬ ਬੋਲਚਾਲ (ਕਮਿਊਨੀਕੇਸ਼ਨ) ਨੂੰ ਉਤਸ਼ਾਹਿਤ ਕਰਦੇ ਹਾਂ। ਕੋਈ ਬੱਚਾ ਅਸਰਦਾਰ ਢੰਗ ਨਾਲ ਕਿਸ ਤਰ੍ਹਾਂ ਬੋਲਚਾਲ (ਕਮਿਊਨੀਕੇਟ) ਕਰੇਗਾ, ਇਹ ਕਈ ਗੱਲਾਂ ਉੱਤੇ ਨਿਰਭਰ ਹੈ ਅਤੇ ਜੋ ਹਰ ਬੱਚੇ ਅਤੇ ਪਰਿਵਾਰ ਦੇ ਸੰਬੰਧ ਵਿੱਚ ਵਿਲੱਖਣ ਹੈ।

ਅਸੀਂ ਪਰਿਵਾਰਾਂ ਨੂੰ ਉਹ ਢੰਗ ਜਾਣਨ ਵਿੱਚ ਮਦਦ ਕਰਦੇ ਹਾਂ, ਜਿਹਨਾਂ ਰਾਹੀਂ ਉਹਨਾਂ ਦਾ ਬੱਚਾ ਸਭ ਤੋਂ ਚੰਗੀ ਤਰ੍ਹਾਂ ਬੋਲਚਾਲ (ਕਮਿਊਨੀਕੇਟ) ਕਰ ਸਕਦਾ ਹੈ। ਕਈ ਤਰ੍ਹਾਂ ਦੇ ਢੰਗ ਮੌਜੂਦ ਹਨ, ਜਿਹਨਾਂ ਵਿੱਚ ਬੋਲੀ, ਬੋਲ ਕੇ ਪੜ੍ਹਨਾ (ਸਪੀਚ ਰੀਡਿੰਗ), ਸੁਣਨ ਬਾਰੇ ਸਿੱਖਿਆ, ਇਸ਼ਾਰਿਆਂ ਦੀ ਸਹਾਇਤਾ ਵਾਲੀ ਬੋਲੀ ਅਤੇ ਅਮਰੀਕਨ ਸਾਇਨ ਲੈਂਗੁਏਜ ਸ਼ਾਮਲ ਹਨ।





## ਪਰਿਵਾਰਾਂ ਲਈ ਸੇਵਾਵਾਂ

ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ, ਉਹਨਾਂ ਦੇ ਪਰਿਵਾਰਾਂ ਅਤੇ ਕਮਿਉਨਿਟੀ ਸੇਵਾਵਾਂ ਦੇਣ ਵਾਲਿਆਂ ਨੂੰ ਸਿਖਲਾਈ ਦੇਣ ਲਈ ਆਊਟਰੀਚ ਸਟਾਫ ਸਾਰੇ ਬੀ ਸੀ ਦੇ ਸ਼ਹਿਰਾਂ ਵਿੱਚ ਜਾਂਦਾ ਹੈ।

ਲੋਅਰ ਮੇਨਲੈਂਡ ਤੋਂ ਬਾਹਰ ਰਹਿੰਦੇ ਪਰਿਵਾਰ ਸਿੱਖਿਆ ਅਤੇ ਸਹਾਇਤਾ ਦੇ ਪ੍ਰੋਗਰਾਮਾਂ ਬਾਰੇ ਜਾਣਨ ਲਈ ਸੈਂਟਰ ਵਿਖੇ 2 ਤੋਂ 5 ਦਿਨਾਂ ਲਈ ਆਉਣ ਦਾ ਪ੍ਰਬੰਧ ਕਰ ਸਕਦੇ ਹਨ।

### ਇਕ ਮਾਪੇ ਅਨੁਸਾਰ...

*ਜਦੋਂ ਸਾਡੇ ਬੱਚੇ ਦੀ ਸੁਣਨਸ਼ਕਤੀ ਨੂੰ ਪਹੁੰਚੇ ਨੁਕਸਾਨ ਦਾ ਸਾਨੂੰ ਪਹਿਲੀ ਵਾਰ ਪਤਾ ਲੱਗਾ ਤਾਂ ਅਸੀਂ ਬਹੁਤ ਇਕੱਲੇ ਮਹਿਸੂਸ ਕੀਤਾ। ਦੂਜਿਆਂ ਮਾਪਿਆਂ ਨਾਲ ਗੱਲ ਕਰਨ ਨਾਲ ਸਾਨੂੰ ਬਹੁਤ ਮਦਦ ਮਿਲੀ। ਉਹਨਾਂ ਨੇ ਸਾਡੇ ਫਿਕਰਾਂ ਅਤੇ ਸਵਾਲਾਂ ਨੂੰ ਸਮਝਿਆ ਅਤੇ ਸਾਨੂੰ ਕਈ ਤਰ੍ਹਾਂ ਫਾਇਦੇਮੰਦ ਸੁਝਾਅ ਦਿੱਤੇ।*

### ਪਰਿਵਾਰਾਂ ਲਈ ਮਿਲਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹਨ:

- ਬਾਲਾਂ, ਛੋਟੇ ਬੱਚਿਆਂ ਅਤੇ ਸਕੂਲ ਜਾਣ ਤੋਂ ਪਹਿਲਾਂ ਦੀ ਉਮਰ ਦੇ ਬੱਚਿਆਂ ਲਈ ਪ੍ਰੋਗਰਾਮ
- ਬੋਲੀ, ਭਾਸ਼ਾ, ਅਤੇ ਸੁਣਨ ਬਾਰੇ ਸਿੱਖਿਆ
- ਬੋਲਚਾਲ (ਕਮਿਊਨੀਕੇਸ਼ਨ) ਵਿਕਸਤ ਕਰਨ ਦੇ ਕਾਮਯਾਬ ਢੰਗਾਂ ਬਾਰੇ ਮਾਪਿਆਂ ਨੂੰ ਸਿਖਲਾਈ
- ਕੋਚਲੀਅਰ ਇੰਪਲਾਂਟ ਬਾਰੇ ਸਹਾਇਤਾ ਅਤੇ ਸਿਖਲਾਈ
- ਪ੍ਰੀ-ਸਕੂਲਾਂ/ਡੇਅਕੇਅਰਾਂ ਲਈ ਸਲਾਹ ਮਸ਼ਵਰਾ
- ਮਾਪੇ ਤੋਂ ਮਾਪੇ ਵਿਚਕਾਰ ਸਹਾਇਤਾ ਦਾ ਸਿਲਸਿਲਾ (ਨੈੱਟਵਰਕ)
- ਮਾਪਿਆਂ ਦੀ ਸਹਾਇਤਾ ਅਤੇ ਜਾਣਕਾਰੀ ਲਈ ਗਰੁੱਪ
- ਪਰਿਵਾਰਾਂ ਲਈ ਸਾਇਨ ਲੈਂਗੁਏਜ ਵਿੱਚ ਪੜ੍ਹਾਈ
- ਸਯੁੰਕਤ ਪਰਿਵਾਰਾਂ ਲਈ ਸਹਾਇਤਾਂ
- ਘਰ-ਆਧਾਰਿਤ ਪ੍ਰੋਗਰਾਮ
- ਮਾਪਿਆਂ ਲਈ ਜਾਣਕਾਰੀ ਅਤੇ ਅਮਲੀ ਸੁਝਾਵਾਂ ਵਾਲਾ ਦੋ-ਮਾਸਿਕ ਨਿਊਜ਼ਲੈਟਰ



## ਪ੍ਰੋਫੈਸ਼ਨਲ ਲਈ ਪ੍ਰੋਗਰਾਮ

- ਸਲਾਹ ਮਸ਼ਵਰਾ
- ਸੈਂਟਰ ਵਿਖੇ ਸੇਵਾਵਾਂ ਵਿੱਚ ਨਿਗਰਾਨੀ ਅਤੇ ਸਿਖਲਾਈ
- ਸਾਰੇ ਬੀ ਸੀ ਵਿੱਚ ਵਰਕਸ਼ਾਪਾਂ
- ਉਧਾਰ ਲਿਜਾਣ ਲਈ ਫਾਇਦੇਮੰਦ ਸਮੱਗਰੀ (ਰੀਸੋਰਸ ਮੈਟੀਰੀਅਲ)

*ਆਊਟਰੀਚ ਪ੍ਰੋਗਰਾਮ ਰਾਹੀਂ ਮਿਲਦੀ ਬਹੁਤ ਵਧੀਆ ਸਮੱਗਰੀ ਤੋਂ ਸਾਡੀ ਕਮਿਉਨਿਟੀ ਟੀਮ ਨੂੰ ਸੱਚੀਂ ਹੀ ਫਾਇਦਾ ਹੋਇਆ ਹੈ। ਸਟਾਫ ਨੇ ਜੋ ਕੁੱਝ ਅਸੀਂ ਕਰਦੇ ਹਾਂ ਉਸ ਦੀ ਪੁਸ਼ਟੀ ਕੀਤੀ ਅਤੇ ਸਾਡੇ ਸਰੋਕਾਰਾਂ ਬਾਰੇ ਫਾਇਦੇਮੰਦ ਜਾਣਕਾਰੀ ਦਿੱਤੀ।*

*ਨੌਰਦਰਨ ਬੀ ਸੀ ਸਪੀਚ/ਲੈਂਗੁਏਜ ਪੈਥੋਲੌਜਿਸਟ*

## ਸਮੱਗਰੀ ਉਧਾਰ ਦੇਣ ਵਾਲੀ ਸੂਬਾਈ ਲਾਇਬਰੇਰੀ

- ਮਾਪਿਆਂ ਲਈ ਜਾਣਕਾਰੀ ਅਤੇ ਸਹਾਇਤਾ ਦੇਣ ਵਾਲੀਆਂ ਕਿਤਾਬਾਂ
- ਸਿੱਖਿਆਦਾਇਕ ਵੀਡੀਓ ਅਤੇ ਆਡਿਓਟੇਪਾਂ
- ਪ੍ਰੋਫੈਸ਼ਨਲ ਜਰਨਲ (ਰਸਾਲੇ) ਅਤੇ ਲਿਖਤਾਂ
- ਮਾਪਿਆਂ ਦੀ ਸਿਖਲਾਈ ਲਈ ਕਿਤਾਬਾਂ ਅਤੇ ਵੀਡੀਓਟੇਪਾਂ
- ਕਈ ਤਰ੍ਹਾਂ ਦੀ ਸਿੱਖਿਆਦਾਇਕ ਸਮੱਗਰੀ
- ਬੱਚਿਆਂ ਲਈ ਕਿਤਾਬਾਂ